mahindra Rise

# ਕੰਮ ਵਾਲੀ ਥਾਂ 'ਤੇ ਜਿਨਸੀ ਉਤਪੀੜਨ ਦੀ ਰੋਕਥਾਮ



**ਮਹਿੰਦਰਾ ਐਂਡ ਮਹਿੰਦਰਾ ਲਿਮਿਟੇਡ ("ਕੰਪਨੀ") ਆਪਣੀ ਸਾਰੀ ਕੰਮ ਵਾਲੀ ਥਾਵਾਂ 'ਤੇ ਸੁਰੱਖਿਅਤ, ਹਿਤੈਸ਼ੀ ਅਤੇ ਉਤਪੀੜਨ ਤੋਂ ਮੁਕਤ ਕੰਮ ਦਾ ਮਾਹੌਲ ਪ੍ਰਦਾਨ ਕਰਨ ਵਿੱਚ ਵਿਸ਼ਵਾਸ ਰੱਖਦੀ ਹੈ। ਅਸੀਂ ਕੰਮ ਵਾਲੀ ਥਾਂ 'ਤੇ ਜਿਨਸੀ ਉਤਪੀੜਨ ਦੇ ਪ੍ਰਤੀ ਜ਼ੀਰੋ-ਸਹਿਣਸ਼ੀਲਤਾ ਦੇ ਦ੍ਰਿਸ਼ਟੀਕੋਣ ਦੀ ਪਾਲਣਾ ਕਰਦੇ ਹਾਂ। ਜਿਨਸੀ ਉਤਪੀੜਨ ਵਿੱਚ ਜਿਨਸੀ ਪ੍ਰਕਾਰ ਦਾ ਕੋਈ ਵੀ ਪ੍ਰਤੱਖ ਜਾਂ ਅਪ੍ਰਤੱਖ ਅਣਚਾਹਾ ਸਰੀਰਕ, ਮੌਖਿਕ, ਜਾਂ ਗੈਰ-ਮੌਖਿਕ ਵਿਵਹਾਰ ਸ਼ਾਮਲ ਹੁੰਦਾ ਹੈ।**

## ਅਨੁਕੂਲਤਾ:

ਇਹ ਨੀਤੀ ਕੰਪਨੀ ਅਤੇ ਇਸ ਦੀਆਂ ਸਹਾਇਕ ਕੰਪਨੀਆਂ 'ਤੇ ਲਾਗੂ ਹੁੰਦੀ ਹੈ ਅਤੇ ਕੰਪਨੀ ਨਾਲ ਜੁੜੇ ਜਾਂ ਇਸ ਦੇ ਕਿਸੇ ਵੀ ਸਥਾਨ (ਕੰਮ ਵਾਲੀ ਥਾਵਾਂ) 'ਤੇ ਆਉਣ ਵਾਲੇ ਸਾਰੇ ਵਿਅਕਤੀਆਂ ਨੂੰ ਵੀ ਕਵਰ ਕਰਦੀ ਹੈ। ਇਹ ਲਿੰਗ-ਨਿਰਪੱਖ ਨੀਤੀ ਹੈ ਅਤੇ ਸਾਰੇ ਕਰਮਚਾਰੀਆਂ 'ਤੇ ਲਾਗੂ ਹੁੰਦੀ ਹੈ, ਭਾਵੇਂ ਉਹਨਾਂ ਦੇ ਜਿਨਸੀ ਝੁਕਾਅ ਜਾਂ ਤਰਜੀਹਾਂ ਕੋਈ ਵੀ ਹਨ।

## ਸ਼ਿਕਾਇਤਾਂ:

ਜਿਨਸੀ ਉਤਪੀੜਨ ਬਾਰੇ ਕਿਸੇ ਵੀ ਸ਼ਿਕਾਇਤ ਦੀ ਜਾਂਚ-ਪੜਤਾਲ ਕੀਤੀ ਜਾਵੇਗੀ ਅਤੇ ਜੇਕਰ ਇਹ ਸਾਬਤ ਹੋ ਜਾਂਦਾ ਹੈ, ਤਾਂ ਇਸਨੂੰ ਗੰਭੀਰ ਦੁਰਵਿਵਹਾਰ ਸਮਝਾ ਜਾਵੇਗਾ ਅਤੇ ਕੰਪਨੀ ਦੀ ਆਚਾਰ ਸੰਹਿਤਾ ਅਤੇ ਸੇਵਾ ਨਿਯਮਾਂ ਦੀ ਉਲੰਘਣਾ ਵੀ ਮੰਨਿਆ ਜਾਵੇਗਾ ਅਤੇ ਸਬੰਧਤ ਵਿਅਕਤੀਆਂ ਦੇ ਖਿਲਾਫ਼ ਉਚਿਤ ਕਾਰਵਾਈ ਕੀਤੀ ਜਾਵੇਗੀ।

ਕੋਈ ਵੀ ਪੀੜਤ ਵਿਅਕਤੀ ਜੋ ਕੰਮ ਵਾਲੀ ਥਾਂ 'ਤੇ ਜਿਨਸੀ ਉਤਪੀੜਨ ਦਾ ਅਨੁਭਵ ਕਰਦਾ ਹੈ, ਉਸਨੂੰ ਛੇਤੀ ਤੋਂ ਛੇਤੀ ਸਬੰਧਤ ਅੰਦਰੂਨੀ ਸ਼ਿਕਾਇਤ ਕਮੇਟੀ (ਆਈਸੀਸੀ) ਦੇ ਕਿਸੇ ਵੀ ਮੈਂਬਰ ਨਾਲ ਤੁਰੰਤ ਸੰਪਰਕ ਕਰਨਾ ਚਾਹੀਦਾ ਹੈ, ਜੋ ਸ਼ਿਕਾਇਤ ਦਰਜ਼ ਕਰਨ ਬਾਰੇ ਮਾਰਗਦਰਸ਼ਨ ਪ੍ਰਦਾਨ ਕਰੇਗਾ ਅਤੇ ਇਸਦੇ ਨਿਪਟਾਰੇ ਤੱਕ ਹਰ ਵਾਜ਼ਬ ਸਹਾਇਤਾ ਵੀ ਦੇਵੇਗਾ। ਸ਼ਿਕਾਇਤ ਨੂੰ ਆਖ਼ਰੀ ਘਟਨਾ ਦੀ ਤਾਰੀਖ ਤੋਂ 3 ਮਹੀਨਿਆਂ ਦੇ ਅੰਦਰ-ਅੰਦਰ ਸਬੰਧਤ ਆਈਸੀਸੀ ਕੋਲ ਲਿਖਤੀ ਰੂਪ ਵਿੱਚ ਦਰਜ਼ ਕੀਤਾ ਜਾਣਾ ਜ਼ਰੂਰੀ ਹੈ। ਕਿਸੇ ਵੀ ਜ਼ੋਨਲ ਆਈਸੀਸੀ ਦੇ ਕੋਲ ਕੰਮ ਦੇ ਜ਼ਿਆਦਾ ਬੋਝ ਦੀਆਂ ਸਥਿਤੀਆਂ ਵਿੱਚ, ਮੁੱਖ ਨੈਤਿਕਤਾ ਅਧਿਕਾਰੀ ਇੱਕ ਨਵੀਂ ਸ਼ਿਕਾਇਤ ਕਿਸੇ ਹੋਰ ਜ਼ੋਨਲ ਆਈਸੀਸੀ ਨੂੰ ਭੇਜ ਸਕਦਾ ਹੈ ਜਾਂ ਜਾਂਚ-ਪੜਤਾਲ ਕਰਨ ਲਈ ਅਸਥਾਈ ਤੌਰ 'ਤੇ ਕਿਸੇ ਹੋਰ ਜ਼ੋਨਲ ਆਈਸੀਸੀ ਦੇ ਮੈਂਬਰਾਂ ਨੂੰ ਉਸ ਆਈਸੀਸੀ ਲਈ ਨਿਯਤ ਕਰ ਸਕਦਾ ਹੈ। ਹਰੇਕ ਪੁੱਛਗਿੱਛ - 90 ਦਿਨਾਂ ਦੇ ਅੰਦਰ ਪੂਰੀ ਕੀਤੀ ਜਾਵੇਗੀ।

## ਗੁਪਤਤਾ:

ਕਿਸੇ ਵੀ ਸ਼ਿਕਾਇਤ ਨਾਲ ਸਬੰਧਤ ਸਾਰੀ ਜਾਣਕਾਰੀ ਦੀ ਹਰ ਸੰਭਵ ਸਾਵਧਾਨੀ, ਸੰਵੇਦਨਸ਼ੀਲਤਾ ਅਤੇ ਵਿਵੇਕ ਨਾਲ ਸੰਭਾਲ ਕੀਤੀ ਜਾਵੇਗੀ ਅਤੇ ਕਿਸੇ ਵੀ ਪਾਰਟੀ ਜਾਂ ਗਵਾਹ ਦੀ ਪਛਾਣ ਕਰਨ ਵਾਲੀ ਕਿਸੀ ਵੀ ਪ੍ਰਕਾਰ ਦੀ ਜਾਣਕਾਰੀ ਨੂੰ ਜਨਤਕ, ਪ੍ਰੈਸ ਜਾਂ ਮੀਡੀਆ ਵਿੱਚ ਕਿਸੇ ਵੀ ਤਰੀਕੇ ਨਾਲ ਪ੍ਰਕਾਸ਼ਤ, ਸੰਚਾਰਿਤ ਜਾਂ ਪ੍ਰਗਟ ਨਹੀਂ ਕੀਤਾ ਜਾਵੇਗਾ।

## ਸੁਰੱਖਿਆ:

ਕੰਪਨੀ ਸ਼ਿਕਾਇਤਕਰਤਾ ਨੂੰ ਸੁਰੱਖਿਆ ਪ੍ਰਦਾਨ ਕਰੇਗੀ, ਜੇਕਰ ਕਿਸੀ ਸਥਿਤੀ ਵਿੱਚ ਇਸਦੀ ਲੋੜ ਹੁੰਦੀ ਹੈ ਅਤੇ ਜੇਕਰ ਪੀੜਤ/ਸ਼ਿਕਾਇਤਕਰਤਾ ਕਿਸੇ ਵੀ ਤਰੀਕੇ ਦਾ ਕੋਈ ਖ਼ਤਰਾ ਮਹਿਸੂਸ ਕਰਦੇ ਹਨ। ਜਾਂਚ-ਪੜਤਾਲ ਦੇ ਲੰਬਿਤ ਹੋਣ ਦੇ ਦੌਰਾਨ, ਸ਼ਿਕਾਇਤਕਰਤਾ ਅੰਤਰਿਮ ਰਾਹਤਾਂ ਲਈ ਆਈਸੀਸੀ ਕੋਲ ਇੱਕ ਲਿਖਤੀ ਬੇਨਤੀ ਜਮ੍ਹਾਂ ਕਰ ਸਕਦੇ ਹਨ, ਜਿਸਨੂੰ ਆਈਸੀਸੀ ਦੁਆਰਾ ਕੇਸ-ਦਰ-ਕੇਸ ਅਧਾਰ 'ਤੇ ਵਿਚਾਰਿਆ ਜਾਵੇਗਾ ਅਤੇ ਉਸਤੇ ਨਿਰਣੇ ਲਿੱਤਾ ਜਾਵੇਗਾ।

## ਸੁਲ੍ਹਾ ਸਮਝੌਤਾ::

ਜੇਕਰ ਸ਼ਿਕਾਇਤਕਰਤਾ ਇਸ ਤਰ੍ਹਾਂ ਦੀ ਬੇਨਤੀ ਕਰਦੇ ਹਨ, ਤਾਂ ਜਾਂਚ-ਪੜਤਾਲ ਸ਼ੁਰੂ ਕਰਨ ਤੋਂ ਪਹਿਲਾਂ, ਆਈਸੀਸੀ ਸੁਲ੍ਹਾ ਸਮਝੌਤੇ ਦੇ ਰਾਹੀਂ ਮਾਮਲੇ ਦਾ ਨਿਪਟਾਰਾ ਕਰ ਸਕਦੀ ਹੈ, ਬਸ਼ਰਤੇ ਕਿ ਅਜਿਹੀ ਸੁਲ੍ਹਾ ਵਿੱਚ ਕੋਈ ਪੈਸੇ ਸੰਬੰਧੀ ਸਮਝੌਤਾ ਨਾ ਕੀਤਾ ਗਿਆ ਹੋਵੇ।

## ਝੂਠੀਆਂ ਜਾਂ ਵੈਰਪੂਰਣ ਸ਼ਿਕਾਇਤਾਂ:

ਕਰ ਕੋਈ ਵਿਅਕਤੀ ਝੂਠੀ ਜਾਂ ਵੈਰਪੂਰਣ ਸ਼ਿਕਾਇਤਾਂ ਦਾਇਰ ਕਰਦਾ ਹੈ ਜਾਂ ਕੋਈ ਨਕਲੀ ਜਾਂ ਗੁੰਮਰਾਹ ਕਰਨ ਵਾਲੇ ਦਸਤਾਵੇਜ਼ ਪੇਸ਼ ਕਰਦਾ ਹੈ, ਤਾਂ ਉਸਦੇ ਖਿਲਾਫ਼ ਉਚਿਤ ਕਾਰਵਾਈ ਕੀਤੀ ਜਾਵੇਗੀ, ਜਿਸ ਵਿੱਚ ਸੇਵਾ ਤੋਂ ਬਰਖਾਸਤਗੀ ਵੀ ਸ਼ਾਮਲ ਹੈ ਪਰੰ ਇਹ ਸਿਰਫ਼ ਇਸ ਤੱਕ ਹੀ ਸੀਮਿਤ ਨਹੀਂ ਹੈ।

## ਜਾਗਰੂਕਤਾ ਅਤੇ ਸਿਖਲਾਈ:

ਕੰਪਨੀ ਸਾਰੇ ਕਰਮਚਾਰੀਆਂ ਨੂੰ ਜਿਨਸੀ ਉਤਪੀੜਨ ਬਾਰੇ ਜਾਗਰੂਕ ਕਰਨ ਲਈ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕਰੇਗੀ ਅਤੇ ਗੱਲਬਾਤ ਕਰਨ ਲਈ ਫੋਰਮ ਵੀ ਬਣਾਏਗੀ।

ਹੋਰ ਵੇਰਵੇ - ਇਸ POSH ਨੀਤੀ ਦੇ ਤਹਿਤ ਜਾਰੀ ਦਿਸ਼ਾਨਿਰਦੇਸ਼ਾਂ ਵਿੱਚ ਵੇਖੇ ਜਾ ਸਕਦੇ ਹਨ।